**ਸੈਕੰਡਰੀ ਸੁਈਟ ਇਨਸੈਨਟਿਵ ਪ੍ਰੋਗਰਾਮ**

**ਤੱਥਸ਼ੀਟ**
**ਬਸੰਤ 2024**

## ਆਪਣੇ ਘਰ ਵਿਚ ਨਵੀਂ ਕਿਰਾਏ `ਤੇ ਦੇਣ ਲਈ ਸੁਈਟ ਬਣਾਉਣ ਵਾਸਤੇ 40,000 ਡਾਲਰ ਤੱਕ ਲਉ।

ਸੈਕੰਡਰੀ ਸੁਈਟ ਇਨਸੈਨਟਿਵ ਪ੍ਰੋਗਰਾਮ (ਦੂਜੀ ਸੁਈਟ ਨੂੰ ਉਤਸ਼ਾਹ ਦੇਣ ਦਾ ਪ੍ਰੋਗਰਾਮ) ਘਰ ਮਾਲਕਾਂ ਦੀ ਆਪਣੇ ਇਲਾਕਿਆਂ ਵਿਚ ਕਿਰਾਏ `ਤੇ ਦੇਣ ਲਈ ਨਵੀਂ ਵਾਰਾ ਖਾਣ ਯੋਗ ਰਿਹਾਇਸ਼ ਬਣਾਉਣ ਵਿਚ ਮਦਦ ਕਰਦਾ ਹੈ। ਇਹ ਪ੍ਰੋਗਰਾਮ ਮੁਆਫ਼ ਕਰਨ ਯੋਗ ਲੋਨ ਦੇ ਰੂਪ ਵਿਚ ਰੀਬੇਟ ਦਿੰਦਾ ਹੈ – ਇਕ ਲੋਨ ਜਿਹੜਾ ਘਰ ਦੇ ਮਾਲਕ ਨੂੰ ਵਾਪਸ ਕਰਨ ਦੀ ਲੋੜ ਨਹੀਂ ਹੈ ਜੇ ਉਹ ਪ੍ਰੋਗਰਾਮ ਦੀਆਂ ਸ਼ਰਤਾਂ ਦੀ ਪਾਲਣਾ ਕਰਦਾ ਹੈ। ਇਹ ਰੀਬੇਟ ਆਪਣੀ ਪ੍ਰਾਪਰਟੀ ਦਾ ਇਕ ਹਿੱਸਾ ਇਕ ਨਵੀਂ ਸੈਕੰਡਰੀ ਸੁਈਟ ਵਿਚ ਤਬਦੀਲ ਕਰਨ ਲਈ ਘਰ ਮਾਲਕਾਂ ਨੂੰ 40,000 ਡਾਲਰ ਤੱਕ ਦਿੰਦੀ ਹੈ।

## ਪ੍ਰੋਗਰਾਮ ਕਿਵੇਂ ਕੰਮ ਕਰਦਾ ਹੈ?

ਜਿਹੜੇ ਘਰ ਮਾਲਕ ਯੋਗ ਹੋਣਗੇ ਉਨ੍ਹਾਂ ਨੂੰ ਰੈਨੋਵੇਸ਼ਨਾਂ ਦੇ ਖਰਚੇ ਦਾ 50% ਤੱਕ ਮੁਆਫ਼ ਕਰਨ ਯੋਗ ਲੋਨ ਮਿਲੇਗਾ, ਜੋ ਕਿ 40,000 ਡਾਲਰ ਤੱਕ ਹੋਵੇਗਾ। ਲੈਣ ਵਾਲਿਆਂ ਨੂੰ ਆਪਣੀ ਰੀਬੇਟ ਮੁਆਫ਼ ਕਰਨ ਯੋਗ ਲੋਨ ਦੇ ਰੂਪ ਵਿਚ ਮਿਲੇਗੀ ਜੋ ਕਿ ਟਾਈਟਲ ਉੱਪਰ ਰਜਿਸਟਰ ਹੋਵੇਗਾ।

ਲੋਨ ਮੁਆਫ਼ ਕੀਤੇ ਜਾਣ ਲਈ ਘਰ ਦੇ ਮਾਲਕ ਲਈ ਇਹ ਕਰਨਾ ਜ਼ਰੂਰੀ ਹੈ:
- ਘਰ ਵਿਚ ਰਹਿਣਾ ਜਾਰੀ ਰੱਖਣਾ, ਅਤੇ
- ਸੁਈਟ ਘੱਟੋ ਘੱਟ 5 ਸਾਲਾਂ ਲਈ ਮਾਰਕੀਟ ਦੇ ਰੇਟਾਂ ਤੋਂ ਹੇਠਾਂ ਕਿਰਾਏ `ਤੇ ਦੇਣਾ ਜ਼ਰੂਰੀ ਹੈ

ਵਾਰਾ ਖਾਣ ਯੋਗ ਰੇਟ bchousing.org/secondary-suite `ਤੇ ਦੇਖੇ ਜਾ ਸਕਦੇ ਹਨ।

## ਕੀ ਤੁਸੀਂ ਯੋਗ ਹੋ?

ਇਸ ਰੀਬੇਟ ਲਈ ਘਰ ਦੇ ਮਾਲਕ ਅਤੇ ਪ੍ਰਾਪਰਟੀ ਦੀ ਯੋਗਤਾ ਦਾ ਸੰਖੇਪ ਇਹ ਹੈ।

| ਘਰਾਂ ਦੇ ਮਾਲਕ | ਪ੍ਰਾਪਰਟੀਆਂ | ਸੈਕੰਡਰੀ ਸੁਈਟ |
|---|---|---|
| • ਪ੍ਰਾਪਰਟੀ ਦੇ ਰਜਿਸਟਰਡ ਮਾਲਕ<br>• ਕੈਨੇਡਾ ਦੇ ਸਿਟੀਜ਼ਨ ਜਾਂ ਪ੍ਰਮਾਨੈਂਟ ਰੈਜ਼ੀਡੈਂਟ<br>• ਆਪਣੇ ਮੁਢਲੇ ਘਰ ਵਜੋਂ ਘਰ ਵਿਚ ਰਹਿੰਦੇ ਹੋ<br>• ਟਾਈਟਲ ਉੱਪਰਲੇ ਘਰ ਦੇ ਮਾਲਕਾਂ ਦੀ ਸਾਂਝੀ ਕੁੱਲ ਸਲਾਨਾ ਆਮਦਨ 209,420 ਡਾਲਰ ਨਾਲੋਂ ਘੱਟ (ਪਿਛਲੇ ਟੈਕਸ ਸਾਲ ਵਿਚ) | • ਬ੍ਰਿਟਿਸ਼ ਕੋਲੰਬੀਆ ਵਿਚ ਮਿਉਨਿਸਪਿਲਟੀਆਂ ਜਾਂ ਰੀਜਨਲ ਡਿਸਟ੍ਰਿਕਟਸ ਦੀ ਮਨਜ਼ੂਰਸ਼ੁਦਾ ਲਿਸਟ ਵਿਚ ਹੈ<br>• ਬੀ ਸੀ ਅਸੈੱਸਮੈਂਟ ਦੀ ਵੈਲਯੂ, ਹੋਮਓਨਰ ਗਰਾਂਟ ਥਰੈਸ਼ਹੋਲਡ (2024 ਵਿਚ $2.15 ਮਿਲੀਅਨ) ਤੋਂ ਹੇਠਾਂ ਹੈ | • ਕਿਚਨ ਅਤੇ ਬਾਥਰੂਮ ਨਾਲ ਨਵਾਂ ਲੀਗਲ ਆਜ਼ਾਦ ਯੂਨਿਟ (ਪਹਿਲਾਂ ਹੀ ਮੌਜੂਦ ਕਿਰਾਏ ਦੇ ਯੂਨਿਟਾਂ ਵਿਚ ਸੁਧਾਰ ਯੋਗ ਨਹੀਂ ਹਨ)<br>• ਲੇਨਵੇਅ ਹੋਮਜ਼/ਗਾਰਡਨ ਸੁਈਟਸ ਯੋਗ ਹਨ<br>• ਮਿਉਨਿਸਪਲ ਜਾਂ ਰੀਜਨਲ ਡਿਸਟ੍ਰਿਕਟ ਬਿਲਡਿੰਗ ਪਰਮਿਟ 1 ਅਪਰੈਲ, 2023 ਨੂੰ ਜਾਂ ਬਾਅਦ ਵਿਚ ਜਾਰੀ ਕੀਤਾ ਗਿਆ |

ਯੋਗਤਾ ਦੇ ਵਿਸਥਾਰ ਵਿਚ ਮਾਪਦੰਡ ਅਤੇ ਸ਼ਰਤਾਂ ਅਤੇ ਕੰਡੀਸ਼ਨਾਂ bchousing.org/secondary-suite `ਤੇ ਦੇਖੀਆਂ ਜਾ ਸਕਦੀਆਂ ਹਨ।

## ਕਿਹੜੇ ਖਰਚੇ ਯੋਗ ਹਨ?

ਰੀਬੇਟ ਰਾਹੀਂ ਕਵਰ ਕੀਤੇ ਜਾਣ ਵਾਲੇ ਖਰਚੇ ਨਵੀਂ ਸੈਕੰਡਰੀ ਸੁਈਟ ਦੀ ਤਿਆਰੀ ਨਾਲ ਸਿੱਧੇ ਤੌਰ `ਤੇ ਜੁੜੇ ਹੋਣੇ ਜ਼ਰੂਰੀ ਹਨ ਅਤੇ ਇਨ੍ਹਾਂ ਵਿਚ ਸ਼ਾਮਲ ਹਨ:

- ਆਰਕੀਟੈਕਚਰਲ ਅਤੇ ਡਿਜ਼ਾਇਨ ਦੀਆਂ ਫੀਸਾਂ
- ਢਾਂਚੇ ਵਿਚ ਸੋਧ
- ਬਿਜਲੀ ਦਾ ਕੰਮ
- ਫਿਕਸਚਰ
- ਅਪਲਾਇੰਸਿਜ਼ (ਅਸਲੀ ਖਰਚੇ ਦਾ 50% ਵੱਧ ਤੋਂ ਵੱਧ 2,500 ਡਾਲਰ ਤੱਕ)
- ਬਿਲਡਿੰਗ ਅਤੇ ਟਰੇਡ ਪਰਮਿਟ ਦੀਆਂ ਫੀਸਾਂ
- ਕੰਮ ਦੇ ਯੋਗ ਖੇਤਰ ਨਾਲ ਸਿੱਧਾ ਸੰਬੰਧਿਤ ਸਰਟੀਫਿਕੇਟ, ਡਰਾਇੰਗਿਜ਼ ਅਤੇ ਸਪੈਸੀਫੀਕੇਸ਼ਨਜ਼ ਲੈਣ ਦੇ ਖਰਚੇ
- ਮਨਜ਼ੂਰਸ਼ੁਦਾ ਕਨਸਟਰੱਕਸ਼ਨ ਨਾਲ ਸੰਬੰਧਿਤ ਸਾਮੱਗਰੀਕੌਂਟਰੈਕਟਰ ਲੇਬਰ (ਜਿਸ ਵਿਚ ਅਰਜ਼ੀਕਰਤਾ ਵਲੋਂ ਜਾਂ ਘਰ ਦੇ ਕਿਸੇ ਮੈਂਬਰ ਵਲੋਂ ਕੀਤਾ ਗਿਆ ਕੰਮ ਸ਼ਾਮਲ ਨਹੀਂ ਹਨ)
- ਪੀ ਐੱਸ ਟੀ ਅਤੇ ਜੀ ਐੱਸ ਟੀ

## ਇਹ ਖਰਚੇ ਯੋਗ ਨਹੀਂ ਹਨ:

- ਘਰ ਦੇ ਮਾਲਕਾਂ ਲਈ ਐਕਸਟੈਨਸ਼ਨਾਂ, ਪਰਿਵਰਤਨ, ਰਿਪੇਅਰ ਜਾਂ ਚੀਜ਼ਾਂ ਦੀ ਬਦਲੀ
- ਘਰ ਦੇ ਮਾਲਕ ਜਾਂ ਘਰ ਦੇ ਕਿਸੇ ਵੀ ਹੋਰ ਮੈਂਬਰ ਵਲੋਂ ਕੀਤੇ ਗਏ ਕੰਮ ਲਈ ਲੇਬਰ ਦੇ ਖਰਚੇ
- ਲੈਂਡਸਕੇਪਿੰਗ ਦੇ ਖਰਚੇ

## ਐਪਲੀਕੇਸ਼ਨਾਂ ਹੁਣ ਖੁੱਲ੍ਹੀਆਂ ਹਨ! – ਹੁਣ ਹੀ ਤਿਆਰ ਹੋਵੋ।

ਐਪਲੀਕੇਸ਼ਨਾਂ ਪਹਿਲਾਂ ਆਉ, ਪਹਿਲਾਂ ਪਾਉ ਦੇ ਆਧਾਰ `ਤੇ ਸਲਾਨਾ ਫੰਡਾਂ ਦੇ ਵਰਤੇ ਜਾਣ ਤੱਕ ਪ੍ਰਵਾਨ ਕੀਤੀਆਂ ਜਾਣਗੀਆਂ।

ਆਪਣੀ ਯੋਗਤਾ ਦਾ ਪਤਾ ਲਾਉਣ ਲਈ ਕਦਮ ਚੁੱਕੋ ਅਤੇ ਆਪਣੀ ਮਿਊਨਿਸਪਿਲਟੀ ਜਾਂ ਰੀਜਨਲ ਡਿਸਟ੍ਰਿਕਟ ਤੋਂ ਪਰਮਿਟ ਲੈਣ ਲਈ ਹੁਣ ਹੀ ਅਪਲਾਈ ਕਰੋ।
ਜੇ ਤੁਸੀਂ ਸੈਕੰਡਰੀ ਸੁਈਟ ਦੀ ਪਲੈਨਿੰਗ ਜਾਂ ਬਣਾਉਣ ਦੀ ਕਾਰਵਾਈ ਕਰ ਰਹੇ ਹੋ ਤਾਂ ਐਪਲੀਕੇਸ਼ਨਾਂ `ਤੇ ਵਿਚਾਰ ਤਾਂ ਕੀਤੀ ਜਾਵੇਗੀ ਜੇ ਬਿਲਿਡੰਗ ਪਰਮਿਟ ਮਿਊਨਿਸਪਲਟੀ ਜਾਂ ਰੀਜਨਲ ਡਿਸਟ੍ਰਿਕਟ ਵਲੋਂ 1 ਅਪਰੈਲ, 2023 ਨੂੰ ਜਾਂ ਬਾਅਦ ਵਿਚ ਜਾਰੀ ਕੀਤੀ ਗਿਆ ਸੀ।

| | | |
|---|---|---|
| 1 | ਇਹ ਪਤਾ ਲਾਉ ਕਿ ਕੀ ਤੁਸੀਂ ਯੋਗ ਹੋ | ਔਨਲਾਈਨ bchousing.org/secondary-suite `ਤੇ ਯੋਗਤਾ ਚੈੱਕ ਕਰੋ ਅਤੇ ਯੋਗਤਾ ਦੀ ਵਿਸਥਾਰ ਵਿਚ ਕਸੌਟੀ `ਤੇ ਵਿਚਾਰ ਕਰੋ |
| 2 | ਆਪਣੇ ਪ੍ਰੋਜੈਕਟ ਦੀ ਪਲੈਨ ਬਣਾਉ ਅਤੇ ਅਪਲਾਈ ਕਰਨ ਲਈ ਤਿਆਰ ਹੋਵੋ | ਇਹ ਪੱਕਾ ਕਰਨ ਲਈ ਆਪਣੀ ਮਿਊਨਿਸਪਿਲਟੀ ਜਾਂ ਰੀਜਨਲ ਡਿਸਟ੍ਰਿਕਟ ਤੋਂ ਚੈੱਕ ਕਰੋ ਕਿ ਕੀ ਜ਼ੋਨਿੰਗ ਤੁਹਾਡੀ ਪ੍ਰਾਪਰਟੀ `ਤੇ ਸੈਕੰਡਰੀ ਸੁਈਟ ਦੀ ਆਗਿਆ ਦਿੰਦੀ ਹੈ, ਕੌਂਟਰੈਕਟਰਜ਼ ਅਤੇ ਪੈਸਿਆਂ ਦਾ ਪ੍ਰਬੰਧ ਕਰੋ, ਅਤੇ ਬਿਲਡਿੰਗ ਪਰਮਿਟ ਲਈ ਅਪਲਾਈ ਕਰੋ, ਜਿਵੇਂ ਮੰਗ ਕੀਤੀ ਜਾਂਦੀ ਹੈ |
| 3 | ਪੇਪਰ ਇਕੱਠੇ ਕਰੋ ਅਤੇ ਔਨਲਾਈਨ ਅਪਲਾਈ ਕਰੋ | ਐਪਲੀਕੇਸ਼ਨਾਂ ਹੁਣ ਖੁੱਲ੍ਹੀਆਂ ਹਨ, ਆਪਣੀ ਔਨਲਾਈਨ ਐਪਲੀਕੇਸ਼ਨ bchousing.org/secondary-suite ਰਾਹੀਂ ਦਰਜ ਕਰਵਾਉ<br><br>ਤੁਹਾਨੂੰ ਯੋਗਤਾ ਦਿਖਾਉਣ ਵਾਲੇ ਪੇਪਰਾਂ (ਰਿਹਾਇਸ਼ ਅਤੇ ਆਮਦਨ ਦਾ ਸਬੂਤ) ਅਤੇ ਮਿਊਨਿਸਪਲ ਜਾਂ ਰੀਜਨਲ ਡਿਸਟ੍ਰਿਕਟ ਬਿਲਡਿੰਗ ਪਰਮਿਟ ਦੀ ਲੋੜ ਪਵੇਗੀ |
| 4 | ਅਪਰੂਵਲ ਲਉ ਅਤੇ ਸੈਕੰਡਰੀ ਸੂਈਟ ਬਣਾਉ | ਅਪਰੂਵਲ ਮਿਲ ਜਾਣ `ਤੇ, ਆਪਣੀ ਸੈਕੰਡਰੀ ਸੁਈਟ ਦੀ ਉਸਾਰੀ ਮੁਕੰਮਲ ਕਰੋ |
| 5 | ਆਕੂਪੈਂਸੀ ਪਰਮਿਟ ਅਤੇ ਕਨਸਟਰੱਕਸ਼ਨ ਦੇ | ਉਸਾਰੀ ਪੂਰੀ ਹੋ ਜਾਣ `ਤੇ, ਆਕੂਪੈਂਸੀ ਪਰਮਿਟ ਤੁਹਾਡੀ ਮਿਊਨਿਸਪਿਲਟੀ ਜਾਂ ਰੀਜਨਲ ਡਿਸਟ੍ਰਿਕਟ ਵਲੋਂ ਜਾਰੀ ਕੀਤਾ ਜਾਵੇਗਾ। |

| | | |
|---|---|---|
| | ਖਰਚਿਆਂ ਦਾ ਸਬੂਤ ਦਰਜ ਕਰਵਾਉ | ਲੋਨ ਲੈਣ ਲਈ ਆਕੂਪੈਂਸੀ ਪਰਮਿਟ ਅਤੇ ਉਸਾਰੀ ਦੇ ਖਰਚਿਆਂ ਦਾ ਸਬੂਤ ਦਰਜ ਕਰਵਾਉ |
| 6 | ਸੁਈਟ ਨੂੰ ਕਿਰਾਏ `ਤੇ ਦਿਉ ਅਤੇ ਪ੍ਰੋਗਰਾਮ ਦੀ ਸ਼ਰਤਾਂ ਕਾਇਮ ਰੱਖੋ | ਆਪਣੀ ਨਵੀਂ ਸੈਕੰਡਰੀ ਸੁਈਟ ਨੂੰ ਮਾਰਕੀਟ ਦੇ ਵਾਰਾ ਖਾਣ ਯੋਗ ਰੇਟ `ਤੇ ਕਿਰਾਏ `ਤੇ ਦਿਉ ਅਤੇ ਪ੍ਰੋਗਰਾਮ ਦੀਆਂ ਸ਼ਰਤਾਂ ਪੂਰੀਆਂ ਕਰਨ `ਤੇ ਲੋਨ ਅਗਲੇ ਪੰਜ ਸਾਲਾਂ ਦੌਰਾਨ ਪ੍ਰਤੀ ਸਾਲ 20% ਦੀ ਦਰ `ਤੇ ਮੁਆਫ਼ ਕਰ ਦਿੱਤਾ ਜਾਵੇਗਾ |

**ਜ਼ਿਆਦਾ ਜਾਣਕਾਰੀ ਲਈ**

bchousing.org/secondary-suite `ਤੇ ਜਾਉ
ਫੋਨ ਕਰੋ 604-439-4727 (ਓਪਸ਼ਨ 3)
ਟੋਲ ਫ੍ਰੀ 1-877-757-2577 (ਓਪਸ਼ਨ 3)